(i) Printed Pages : 4 Roll No. ..............................

(ii) Questions : 6

Sub. Code : | 0 | 0 | 0 | 8 |

Exam. Code : | 0 | 0 | 0 | 1 |

B.A./B.Sc. (General) 1st Semester

(2122)

PUNJABI

Paper : (Elective)

Time Allowed : Three Hours] [Maximum Marks : 90

ਨੋਟ :– (1) ਸਾਰੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

(2) ਉੱਤਰ ਭਾਵ-ਪੂਰਤ ਅਤੇ ਸਪਸ਼ਟ ਹੋਣੇ ਚਾਹੀਦੇ ਹਨ।

(3) ਲਿਖਾਈ ਸਾਫ਼-ਸੁਥਰੀ ਹੋਣੀ ਚਾਹੀਦੀ ਹੈ।

1. ਨਿਮਨਲਿਖਤ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਅੱਜ 'ਓਏ' ਜੇ ਕੋਈ ਆਖੇ, ਅਸੀਂ ਹੋਈਏ ਲੋਹੇ ਲਾਖੇ।

ਅੱਜ ਸਾਨੂੰ ਜੇ ਕੋਈ ਘੂਰੇ, ਅਸੀਂ ਚੁੱਕ-ਚੁੱਕ ਪਈਏ ਹੂਰੇ।

ਗਾਲ੍ਹਾਂ ਰਹੀਆਂ ਇਕ ਪਾਸੇ, ਅਸੀਂ ਝੱਲ ਨਾ ਸਕੀਏ ਹਾਸੇ।

ਗੱਲ-ਗੱਲ ਤੇ ਭੱਜੀਏ ਥਾਣੇ, ਅਸੀਂ ਭੁੱਲ ਬੈਠੇ 'ਉਹ ਜਾਣੇ'।

ਉਹ ਕਿੱਧਰ ਗਏ ਦਿਹਾੜੇ, ਜਦ ਛੱਤੋ ਦੇ ਪਿਛਵਾੜੇ

ਸਾਂ ਬੇਰ ਛੱਤੋ ਦੇ ਢਾਂਹਦੇ, ਹੱਸ-ਹੱਸ ਕੇ ਗਾਲ੍ਹਾਂ ਖਾਂਦੇ।

ਜਾਂ



4KNOWLEDGE SEEKER

ਸਿਖਰ ਦੁਪਹਿਰ ਸਿਰ ਤੇ, ਮੇਰਾ ਢਲ ਚਲਿਆ ਪਰਛਾਵਾਂ
ਕਬਰਾਂ ਉਡੀਕਦੀਆਂ, ਮੈਨੂੰ ਜਿਉਂ ਪੁੱਤਰਾਂ ਨੂੰ ਮਾਵਾਂ
ਜ਼ਿੰਦਗੀ ਦਾ ਥਲ ਤਪਦਾ, ਕੱਲੇ ਰੁੱਖ ਦੀ ਹੋਂਦ ਵਿੱਚ ਮੇਰੀ
ਦੁੱਖਾਂ ਵਾਲੀ ਗਹਿਰ ਚੜ੍ਹੀ, ਵਗੇ ਗਮਾਂ ਵਾਲੀ ਤੇਜ਼ ਹਨੇਰੀ
ਮੈਂ ਵੀ ਕੇਹਾ ਰੁੱਖ ਚੰਦਰਾ, ਜਿਹਨੂੰ ਖਾ ਗਈਆਂ ਉਹਦੀਆਂ ਛਾਵਾਂ
ਕਬਰਾਂ ਉਡੀਕਦੀਆਂ, ਮੈਨੂੰ ਜਿਉਂ ਪੁੱਤਰਾਂ ਨੂੰ ਮਾਵਾਂ। 10

(ਅ) ਨਿਮਨਲਿਖਤ ਇਕਾਂਗੀ ਵੰਨਗੀਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

ਉਏ ਮੱਤ ਮਾਰੀ ਹੋਈ ਏ ਤੁਹਾਡੀ। ਬੀਬੀਆਂ ਆਪੋ-ਆਪਣੇ ਬਾਬੂਆਂ ਦੀਆਂ, ਤੁਸੀਂ ਖਾਹ-ਮਖਾਹ ਕਿਉਂ ਇਕ ਦੂਜੇ ਦਾ ਸਿਰ ਫਾੜਨ ਲੱਗੇ ਹੋ ?

**ਜਾਂ**

ਸਿੱਖੀ ਤੋਂ ਮੈਂ ਨਹੀਂ, ਤੇਰੇ ਵਰਗੇ ਮਨਮੁੱਖ ਬੇਮੁੱਖ ਹੋਏ ਨੇ, ਜਿਹੜੇ ਸਿੱਖੀ ਦੀ ਆੜ ਵਿੱਚ ਹੈਵਾਨਾਂ ਤੇ ਸ਼ੈਤਾਨਾਂ ਵਾਲੇ ਅਮਲ ਕਰਕੇ ਸਿੱਖੀ ਦੇ ਨਾਂ ਤੇ ਧੱਬਾ ਲਾ ਰਹੇ ਐ। ਮਜ਼ਹਬ ਦੇ ਅੰਨ੍ਹੇ ਜੋਸ਼ ਨੇ ਤੁਹਾਡੇ ਅੰਦਰੋਂ ਨੇਕੀ ਤੇ ਬਦੀ ਨੂੰ ਸਮਝਣ ਦੀ ਸੂਝ-ਬੂਝ ਹੀ ਮਿਟਾ ਦਿੱਤੀ ਹੈ। 10

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

(ੳ) (i) ਕੇਲੋਂ ਦੇ ਗਲ ਲੱਗੀ ਵੇਲ (ਭਾਈ ਵੀਰ ਸਿੰਘ)।

(ii) ਤਵਾਰੀਖ ਨਜ਼ਮ ਵਿੱਚੋਂ/ਅੱਜ ਆਖਾਂ ਵਾਰਸ਼ ਸ਼ਾਹ ਨੂੰ (ਅੰਮ੍ਰਿਤਾ ਪ੍ਰੀਤਮ)। 10

(ਅ) 'ਬੇਈਮਾਨ' ਇਕਾਂਗੀ ਦੀ ਸਾਹਿਤਿਕ ਆਲੋਚਨਾ ਕਰੋ।

**ਜਾਂ**

'ਮਨ ਦੀਆਂ ਮਨ ਵਿੱਚ' ਇਕਾਂਗੀ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। 10



4KNOWLEDGE SEEKER

3. ਨਿਮਨਲਿਖਤ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਉ। ਕਵਿਤਾ ਭਾਗ ਤੇ ਇਕਾਂਗੀ ਭਾਗ ਵਿੱਚੋਂ ਦੋ-ਦੋ ਪ੍ਰਸ਼ਨ ਕਰਨੇ ਲਾਜ਼ਮੀ ਹਨ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ :

**ਕਵਿਤਾ ਭਾਗ**

(ੳ) ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਵਿੱਚ ਬਾਲਨਾਥ ਰਾਂਝੇ ਨੂੰ ਜੋਗ ਦੇ ਕੇ ਕਿਉਂ ਪਛਤਾਇਆ ਸੀ ?

(ਅ) ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਖ਼ਿਆਲੀ ਆਜ਼ਾਦੀ' ਵਿੱਚ ਕਵੀ ਕਿਹੜੇ ਕਾਰਨਾਂ ਕਰਕੇ ਭਾਰਤ ਵਿੱਚ ਆਈ ਆਜ਼ਾਦੀ ਨੂੰ ਖ਼ਿਆਲੀ ਆਜ਼ਾਦੀ ਕਹਿੰਦਾ ਹੈ ?

(ੲ) ਬਾਵਾ ਬਲਵੰਤ ਦੀ ਕਵਿਤਾ 'ਦੁਨੀਆਂ' ਵਿੱਚ ਪੁਰਾਣੇ ਵਿਚਾਰਵਾਨ/ਅਵਤਾਰ/ਪੀਰ-ਪੈਗੰਬਰ ਦੁਨੀਆਂ ਬਾਰੇ ਕਿਹੜੀ ਅਸਲੀਅਤ ਨਹੀਂ ਸਮਝੇ।

(ਸ) ਹਰਿਭਜਨ ਦਾ ਗੀਤ 'ਸੌਂ ਜਾ ਮੇਰੇ ਮਾਲਕਾ' ਆਸ਼ਾਵਾਦੀ ਸੁਰ ਵਾਲਾ ਗੀਤ ਹੈ, ਵਿਚਾਰ ਕਰੋ।

**ਇਕਾਂਗੀ ਭਾਗ**

(ਹ) ਅੰਨ੍ਹੇ-ਕਾਣੇ (ਆਤਮਜੀਤ) ਇਕਾਂਗੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

(ਕ) ਅੰਨ੍ਹੇ-ਨਿਸ਼ਾਨਚੀ (ਅਜ਼ਮੇਰ ਸਿੰਘ) ਇਕਾਂਗੀ ਦੇ ਸਿਰਲੇਖ ਬਾਰੇ ਵਿਚਾਰ ਕਰੋ। ਕੀ ਇਹ ਸਿਰਲੇਖ ਢੁੱਕਵਾਂ ਹੈ ਜਾਂ ਨਹੀਂ।

(ਖ) 'ਤਾਸ਼ ਦੀ ਬਾਜ਼ੀ' ਇਕਾਂਗੀ ਦਾ ਲੇਖਕ ਕੌਣ ਹੈ ਅਤੇ ਇਸ ਦੇ ਪਾਤਰਾਂ ਦੇ ਨਾਂ ਦੱਸੋ।

(ਗ) 'ਅੰਨ੍ਹੇ-ਕਾਣੇ' ਇਕਾਂਗੀ ਵਿੱਚ ਕਾਲੀਆਂ ਐਨਕਾਂ, ਸੱਪ ਤੇ ਚਿੱਟੀ ਚਮੜੀ ਕਿਸ-ਕਿਸ ਚੀਜ਼ ਦੇ ਪ੍ਰਤੀਕ ਹਨ। $2\times5=10$

4KNOWLEDGE SEEKER

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਚਾਰ** ਦੇ ਉੱਤਰ ਦਿਉ। ਉੱਤਰ **50** ਸ਼ਬਦਾਂ ਵਿੱਚ ਦਿੱਤਾ ਜਾਵੇ :

(ੳ) ਆਧੁਨਿਕ ਪੰਜਾਬੀ ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਪ੍ਰਵਿਰਤੀਆਂ ਜਾਂ ਰੁਚੀਆਂ ਨੇ ਜਨਮ ਲਿਆ ?

(ਅ) ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦੇ ਨਾਂ ਦੱਸਦੇ ਹੋਏ ਉਸ ਨੂੰ ਮਿਲੇ ਸਨਮਾਨਾਂ ਦਾ ਵੇਰਵਾ ਦਿਉ।

(ੲ) ਜੁਝਾਰਵਾਦੀ ਪ੍ਰਵਿਰਤੀ ਦੇ ਪੰਜ ਪ੍ਰਮੁੱਖ ਕਵੀਆਂ ਦੇ ਨਾਂ ਅਤੇ ਉਨ੍ਹਾਂ ਦੁਆਰਾ ਲਏ ਵਿਸ਼ਿਆਂ ਬਾਰੇ ਵਰਨਣ ਕਰੋ।

(ਸ) ਪੰਜਾਬੀ ਦਾ ਮੋਢੀ ਨਾਟਕਕਾਰ ਕਿਸ ਨੂੰ ਮੰਨਿਆ ਜਾਂਦਾ ਹੈ, ਉਸ ਨੇ ਪਹਿਲਾ ਇਕਾਂਗੀ ਕਿਹੜਾ ਤੇ ਕਦੋਂ ਲਿਖਿਆ।

(ਹ) ਈਸ਼ਵਰ ਚੰਦਰ ਨੰਦਾ ਦੀ ਸਾਹਿਤ-ਰਚਨਾ ਦਾ ਵੇਰਵਾ ਦਿਉ।

(ਕ) ਪੰਜਾਬੀ ਦੇ ਚਾਰ ਇਤਿਹਾਸਕ ਨਾਟਕਾਂ ਤੇ ਉਨ੍ਹਾਂ ਦੇ ਲੇਖਕਾਂ ਦੇ ਨਾਂ ਲਿਖੋ।

5×4=20

5. ਭਾਸ਼ਾ ਦੀ ਪ੍ਰੀਭਾਸ਼ਾ ਦਿੰਦਿਆਂ ਭਾਸ਼ਾ ਦੀ ਪ੍ਰਕਿਰਤੀ ਤੇ ਮਹੱਤਵ ਦੱਸੋ।

**ਜਾਂ**

ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ। 10

6. ਹੇਠ ਲਿਖੇ ਸਾਹਿਤ-ਰੂਪਾਂ ਵਿੱਚੋਂ ਕਿਸੇ **ਇੱਕ** ਦੀ ਪ੍ਰੀਭਾਸ਼ਾ ਅਤੇ ਤੱਤਾਂ ਦਾ ਵਰਨਣ ਕਰੋ :

(ੳ) ਕਵਿਤਾ

(ਅ) ਨਾਵਲ। 10

4KNOWLEDGE SEEKER